# ਗ੍ਰਿਹਸਥ ਜੀਵਨ

## ☬ ਜਨਮ ਤੋਂ ਪਹਿਲਾਂ

ਅੱਜ ਅਸੀਂ ਢਾਈ ਹਜ਼ਾਰ ਸਾਲ ਪਹਿਲਾਂ ਦੇ ਭਾਰਤ ਦੀ ਗੱਲ ਕਰ ਰਹੇ ਹਾਂ । ਉਹ ਸਮਾਂ ਭਾਰਤੀ-ਸੰਸਕ੍ਰਿਤੀ ਦੇ ਇਤਿਹਾਸ ਵਿਚ ਇਕ ਹਨੇਰ ਪੂਰਨ ਯੁਗ ਮੰਨਿਆ ਜਾਂਦਾ ਹੈ। ਉਸ ਸਮੇਂ ਦੀ ਇਤਿਹਾਸਿਕ ਸਮੱਗਰੀ ਨੂੰ ਜਿਉਂ ਹੀ ਕੋਈ ਸੂਝਵਾਨ ਚੁਕਕੇ ਵੇਖਦਾ ਹੈ, ਤਾਂ ਅਚਾਨਕ ਹੀ ਹੈਰਾਨ ਹੋ ਉਠਦਾ ਹੈ ਕਿ ਕਦੇ ਭਾਰਤੀ ਸੰਸਕ੍ਰਿਤੀ ਵੀ ਇੰਨੀ ਪੱਛੜੀ, ਠੁਕਰਾਈ ਬੇਡੌਲ ਅਤੇ ਬੇਇੱਜ਼ਤ ਰਹਿ ਚੁਕੀ ਹੈ ।

ਜਿਥੋਂ ਤਕ ਬੌਧਿਕ ਵਿਕਾਸ ਦੀ ਗੱਲ ਹੈ । ਉਹ ਯੁਗ ਇਕ ਬਚਿੱਤਰ ਸਥਿਤੀ ਵਿਚੋਂ ਗੁਜ਼ਰ ਰਿਹਾ ਸੀ । ਦਾਰਸ਼ਨਿਕ ਵਿਚਾਰਾਂ ਦੀ ਥਾਂ ਅੰਧ-ਸ਼ਰਧਾ ਨੇ ਲੈ ਲਿਆ ਸੀ ਜਨਤਾ ਅੰਧ-ਵਿਸ਼ਵਾਸਾਂ ਅਤੇ ਝੂਠੇ ਵਹਿਮਾਂ ਵਿਚ ਹੀ ਆਪਣੇ ਕਰਤੱਵ ਦੀ ਪੂਰਤੀ ਸਮਝੀ ਬੈਠੀ ਸੀ । ਅਕਸਰ ਧਰਮ ਗੁਰੂ, ਬਾਬਾ, ਮਹੰਤ ਕੁਲ ਗੁਰੂ, ਪਾਂਡੇ ਅਤੇ ਪੁਰੋਹਿਤ ਹੀ ਉਸ ਯੁਗ ਦੇ ਵਿਚਾਰਾਂ ਨੂੰ ਘੜਨ ਵਾਲੇ ਸਨ । ਇਸ ਲਈ ਉਹ ਆਪਣੇ ਮਨ ਮੁਤਾਬਿਕ ਜਿਧਰ ਚਾਹੁੰਦੇ, ਉਧਰ ਹੀ ਸ਼ਾਸਤਰਾਂ ਦੇ

ਅਰਥਾਂ ਨੂੰ ਰੋੜ੍ਹਕੇ ਲੈ ਜਾਂਦੇ ਅਤੇ ਜਨਤਾ ਨੂੰ ਉਂਗਲਾਂ ਤੇ ਨਚਾਉਂਦੇ।

ਸਦਾਚਾਰ ਦੀ ਦ੍ਰਿਸ਼ਟੀ ਤੋਂ ਭੀ ਉਹ ਯੁਗ ਭੈੜੀ ਹਾਲਤ ਤੇ ਪਹੁੰਚ ਚੁਕਾ ਸੀ। ਸਦਾਚਾਰ ਦਾ ਅਰਥ, ਉਸ ਯੁੱਗ ਦੀ ਪਰਿਭਾਸ਼ਾ ਵਿਚ ਦੇਵੀ-ਦੇਵਤਿਆਂ ਨੂੰ ਪੂਜ ਲੈਣਾ ਸੀ। ਪਸ਼ੂ-ਬਲੀ ਅਤੇ ਨਰ-ਬਲੀ ਦੇ ਨਾਉਂ ਤੇ ਬੇ-ਕਸੂਰ ਜੀਵਾਂ ਨੂੰ ਮੌਤ ਦੇ ਘਾਟ ਉਤਾਰ ਦੇਣਾ ਸੀ ਅਤੇ ਹੋਰ ਵੀ ਮੰਤਰਾਂ-ਤੰਤਰਾਂ ਦੇ ਚੱਕਰ, ਜਿਨ੍ਹਾਂ ਵਿਚ ਖੁਲ੍ਹਮਖੁੱਲ ਮਾਸ ਖਾਣਾ, ਸੁਰਾਪਾਨ (ਸ਼ਰਾਬ ਪੀਨਾ) ਅਤੇ ਵਿਭਚਾਰ।

ਉਸ ਸਮੇਂ ਸਮਾਜਿਕ-ਸੰਗਠਨ ਜਾਤ-ਪਾਤ ਦੇ ਜ਼ਹਿਰੀਲੇ ਸਿੱਧਾਂਤ ਤੇ ਅਧਾਰਿਤ ਸੀ। ਅਖੰਡ ਮਨੁੱਖ ਜਾਤੀ ਬ੍ਰਾਹਮਣ, ਵੈਸ਼, ਸ਼ੂਦਰ, ਮਹਾਂ ਸ਼ੂਦਰ, ਅਛੂਤ ਅਤੇ ਨਾ-ਮਾਲੂਮ ਕਿਹੜੇ-ਕਿਹੜੇ ਅਟਪਟੇ ਨਾਵਾਂ ਵਾਲੇ ਟੁਕੜਿਆਂ ਵਿਚ ਵੰਡਕੇ ਭਿੰਨ ਭਿੰਨ ਹੋ ਗਈ ਸੀ। ਅਤੇ ਆਪਸ ਵਿਚ ਹੀ ਇਕ ਦੂਸਰੇ ਦੇ ਖ਼ੂਨ ਦੀ ਪਿਆਸੀ ਬਣ ਗਈ ਸੀ। ਸਾਮਾਜਿਕ ਬਰਾਬਰੀ ਦਾ ਤਾਂ ਉਨ੍ਹਾਂ ਦਿਨਾਂ ਵਿਚ ਸੁਪਨਾ ਵੀ ਨਹੀਂ ਸੀ ਲਿਆ ਜਾਂਦਾ। ਸ਼ੂਦਰਤਾ ਅਤੇ ਛੂਆ-ਛੂਤ ਦੇ ਨਾਂ ਤੇ ਕਰੋੜਾਂ ਦੀ ਗਿਣਤੀ ਵਿਚ ਮਨੁੱਖੀ ਦੇਹਧਾਰੀ, ਮਨੁੱਖਤਾ ਦੇ ਅਧਿਕਾਰ ਤੋਂ ਵਾਂਝੇ ਕਰ ਦਿਤੇ ਗਏ ਸਨ। ਉਹ ਪਸ਼ੂਆਂ ਤੋਂ ਵੀ ਗਈ ਗੁਜ਼ਰੀ ਹਾਲਤ ਵਿਚ ਜੀਵਨ ਗੁਜ਼ਾਰ ਰਹੇ ਸਨ। ਮਨੁੱਖ ਦਾ, ਮਨੁੱਖ ਦੇ ਤੌਰ ਤੇ ਮਾਣ ਕਰਨਾ ਉਸ ਸਮੇਂ ਨਫ਼ਰਤ ਦੀ ਨਿਗ੍ਹਾ ਨਾਲ ਵੇਖਿਆ ਜਾਂਦਾ ਸੀ।

ਸਤਿਕਾਰ ਯੋਗ ਮਾਤਾਵਾਂ ਦੀ ਦਸ਼ਾ ਵੀ ਤਰਸ-ਯੋਗ ਸੀ । ਉਹ ਘਰ ਦੀ ਮਾਲਕਣ ਦੀ ਥਾਂ ਤੇ ਘਰ ਦੀ ਨੌਕਰਾਣੀ ਬਣਾ ਦਿਤੀ ਗਈ ਸੀ । ਉਹਨਾਂ ਨੂੰ ਹਰ ਤਰ੍ਹਾਂ ਨਾਲ ਭੈੜਾ, ਇਥੋਂ ਤਕ ਕਿ ਪਾਪਾਂ ਤੇ ਦੁਰਾਚਾਰ ਦੀ ਮੂਰਤੀ ਸਮਝਿਆ ਜਾਂਦਾ ਸੀ (न स्त्री स्वतन्त्रयमर्हति) ਇਸਤਰੀ ਸੁਤੰਤਰ ਰਹਿਨ ਯੋਗ ਨਹੀਂ ਹੈ । ਇਹ ਬੇ-ਬੁਨਿਆਦ ਨਾਹਰਾ ਚਾਰੇ ਪਾਸੇ ਗੂੰਜ ਰਿਹਾ ਸੀ । ਫੇਰ ਉਨ੍ਹਾਂ ਦੇ ਹੱਥੋਂ ਸਮਾਜਿਕ ਬਰਾਬਰੀ ਦੇ ਅਧਿਕਾਰ ਖੋਹ ਲਏ ਗਏ ਸਨ । ਹੋਰ ਤਾਂ ਹੋਰ ਉਨ੍ਹਾਂ ਨੂੰ ਧਰਮ-ਕਰਮ ਅਤੇ ਭਗਤੀ ਦੇ ਵੀ ਅਧਿਕਾਰ ਨਹੀਂ ਸਨ । ਉਨ੍ਹਾਂ ਦੇ ਜਾਤ-ਕਰਮ ਆਦਿ ਦੇ ਸੰਸਕਾਰ ਵੀ ਬਿਨਾਂ ਮੰਤਰਾਂ ਤੋਂ ਕੀਤੇ ਜਾਂਦੇ ਸਨ । ਕਿਤੇ ਮੰਤਰ ਹੀ ਅਪਵਿੱਤਰ ਨਾ ਹੋ ਜਾਵੇ ਇਸ ਡਰ ਤੋਂ ।

ਪੁਰਾਣਾ ਧਰਮ-ਸੰਘ ਖਿਲਰੀ ਹਾਲਤ ਵਿਚ ਜ਼ਿੰਦਗੀ ਦੇ ਆਖ਼ਰੀ ਸਾਹ ਗਿਣ ਰਿਹਾ ਸੀ । ਉਨ੍ਹਾਂ ਦਾ ਪੁਰਾਣਾ ਆਦਰਸ਼, ਪੁਰਾਣਾ ਤੇਜ਼ ਠੰਡਾ ਪੈ ਚੁਕਿਆ ਸੀ । ਉਹ ਲੋਕ-ਭਰਮਾਂ ਦੇ ਦਲਦਲ ਵਿਚ ਪੂਰੀ ਤਰ੍ਹਾਂ ਫਸੇ ਹੋਏ ਸਨ । ਧਰਮ ਦੇ ਨਾਂ ਤੇ ਆਪਣੇ-ਆਪਣੇ ਰਾਹ ਅਨੁਸਾਰ ਸਿਰਫ਼ ਪੂਜਾ-ਪਾਠ ਕਰ ਲੈਣਾ ਹੀ ਕਾਫ਼ੀ ਸਮਝਿਆ ਜਾਂਦਾ ਸੀ । ਆਤਮ-ਤਿਆਗ ਅਤੇ ਅੰਦਰਲੀ ਪਵਿੱਤਰਤਾ ਆਦਿ ਜੋ ਅਸਲ ਧਰਮ ਦੇ ਅੰਗ ਹਨ, ਉਨ੍ਹਾਂ ਲਈ ਉਸ ਯੁੱਗ ਵਿਚ ਕੋਈ ਉਚਿੱਤ ਥਾਂ ਨਹੀਂ ਸੀ । ਜ਼ਿਆਦਾ ਕੀ, ਪ੍ਰਸਿੱਧ ਵਿਦਵਾਨ ਸ੍ਰੀ ਰਾਘਵ ਆਚਾਰੀਆ ਦੇ ਸ਼ਬਦਾਂ ਵਿਚ ਆਖੀਏ ਤਾਂ "ਕਟਰਤਾ-ਪੂਰਣ

ਅਗਿਆਨ, ਮਿੱਥਿਆ ਵਿਸ਼ਵਾਸ ਨਾਲ ਭਰਪੂਰ ਕ੍ਰਿਆ-ਕਾਂਡ ਅਤੇ ਸਮਾਜ ਦੇ ਇਕ ਵਰਗ ਦੁਆਰਾ ਦੂਸਰੇ ਵਰਗ ਦਾ ਲੁਟਿਆ ਜਾਣਾ ਇਹ ਤਿੰਨ ਵਿਸ਼ੇਸ਼ਤਾਵਾਂ ਉਸ ਯੁੱਗ ਦੀਆਂ ਸਨ।"

ਭਗਵਾਨ ਪਾਰਸ਼ ਨਾਥ ਜੀ ਦਾ ਸ਼ਾਸਨ (ਧਰਮ) ਹੁਣ ਵੀ ਚੱਲ ਰਿਹਾ ਸੀ ਪਰ ਉਸ ਵਿਚ ਉਹ ਪਹਿਲਾਂ ਵਾਲਾ ਤੇਜ਼ ਨਹੀਂ ਸੀ ਰਿਹਾ। ਉਹ ਕਾਫੀ ਸੁਸਤ ਹੋ ਚੁਕਿਆ ਸੀ। ਚਹੁੰ ਪਾਸੇ ਜੋ ਪਾਖੰਡ ਦੀ ਹਨੇਰੀ ਉੱਠ ਰਹੀ ਸੀ ਉਹ ਉਸ ਨੂੰ ਦ੍ਰਿੜ੍ਹਤਾ ਦੇ ਨਾਲ ਰੋਕ ਨਹੀਂ ਸਕਦਾ ਸੀ। ਬੜੇ-ਬੜੇ ਵਿਦਵਾਨ, ਜੈਨ ਆਚਾਰੀਆ ਆਪਣਾ ਹੌਸਲਾ ਖੋ ਬੈਠੇ ਸਨ। ਉਸ ਸਮੇਂ ਦੇ ਮਹਾਂਮੁਨੀ ਸ਼੍ਰੀ ਕੇਸ਼ੀ ਕੁਮਾਰ 'ਸ਼ਰਮਣ' ਦੇ ਸ਼ਬਦਾਂ ਵਿਚ ਇਹ ਸੋਚ ਰਹੇ ਸਨ ਕਿ "ਕੀ ਕੀਤਾ ਜਾਵੇ, ਚਹੁੰ ਪਾਸੇ ਹਨੇਰਾ ਹੀ ਹਨੇਰਾ ਹੈ। ਵਿਚਾਰੀ ਜਨਤਾ ਅੰਧਕਾਰ ਵਿਚ ਰਸਤੇ ਤੋਂ ਭਟਕ ਰਹੀ ਹੈ। ਕਿਤੇ ਪ੍ਰਕਾਸ਼ ਨਹੀਂ ਮਿਲਦਾ। ਹੁਣ ਕੌਣ ਮਹਾਂਪੁਰਸ਼ ਪੈਦਾ ਹੋਵੇਗਾ, ਜੋ ਭਾਰਤ ਦੇ ਆਕਾਸ਼ ਤੇ ਸੂਰਜ ਬਣਕੇ ਪ੍ਰਗਟ ਹੋਵੇਗਾ ਅਤੇ ਸਭ ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਚਮਕਾ ਦੇਵੇਗਾ।"

ਸੰਖੇਪ ਵਿਚ ਇੰਝ ਕਹਿਣਾ ਚਾਹੀਦਾ ਹੈ ਕਿ ਇਕ ਮਹਾਨ ਹਸਤੀ ਦੇ ਜਨਮ ਲੈਣ ਦਾ ਸਮਾਂ ਆ ਚੁਕਿਆ ਸੀ।

## ❀ ਮਗਧ ਵਿਚ ਸੂਰਜ ਚਮਕਿਆ

ਅੱਜ ਦਾ ਬਿਹਾਰ ਪ੍ਰਾਂਤ ਮਹਾਂਪੁਰਸ਼ਾਂ ਨੂੰ ਪੈਦਾ ਕਰਨ ਦੀ ਦ੍ਰਿਸ਼ਟੀ ਨਾਲ ਗੌਰਵਸ਼ਾਲੀ ਰਿਹਾ ਹੈ, ਅਨੇਕਾਂ ਮਹਾਂਪੁਰਸ਼ਾਂ

ਨੇ ਇਸ ਪਵਿੱਤਰ ਭੂਮੀ ਤੋਂ ਜਨਮ ਲਿਆ ਹੈ, ਧਰਮ ਦਾ ਪ੍ਰਚਾਰ ਕੀਤਾ ਹੈ, ਅਤੇ ਨਸ਼ਟ ਹੋਈ ਭਾਰਤੀ-ਸੰਸਕ੍ਰਿਤੀ ਨੂੰ ਮੁੜ ਤੋਂ ਨਵੀਂ ਜਿੰਦਗੀ ਦੇ ਕੇ ਭਾਰਤ ਦੇ ਗੌਰਵ ਨੂੰ ਕਾਇਮ ਰਖਿਆ ਹੈ।

ਹਾਂ, ਤਾਂ, ਇਸੇ ਪਵਿੱਤਰ ਭੂਮੀ ਤੇ ਉਹ ਸੂਰਜ ਪ੍ਰਗਟ ਹੋਇਆ, ਜਿਸਦੀ ਵੱਲ ਉਪਰਲੀਆਂ ਸਤਰਾਂ ਵਿਚ ਇਸ਼ਾਰਾ ਦਿੱਤਾ ਗਿਆ ਹੈ। ਉਹ ਕੋਈ ਸੂਰਜ ਹੋਰ ਨਹੀਂ ਸਾਡੇ ਸਿਮਰਣ-ਯੋਗ, ਸ਼੍ਰਮਣ, ਸਨਮਤਿ ਭਗਵਾਨ ਮਹਾਂਵੀਰ ਹਨ। ਜਿਨ੍ਹਾਂ ਦੇ ਪਵਿੱਤਰ ਜਨਮ ਨਾਲ ਇਕ ਦਿਨ ਇਹ ਭਾਰਤ ਭੂਮੀ ਜਗਮਗਾ ਉੱਠੀ ਸੀ।

ਅਜ ਤੋਂ ਕਰੀਬ ਛੱਬੀ ਸਦੀਆਂ (੨੫੭੨) ਪਹਿਲਾਂ ਦੀ ਗਲ ਹੈ ਬਿਹਾਰ ਪ੍ਰਾਂਤ ਵਿਚ ਵੈਸ਼ਾਲੀ ਦਾ ਇਕ ਹਿੱਸਾ 'ਖੱਤਰੀ ਕੁੰਡ' ਨਾਮੀ ਨਗਰ ਸੀ। ਪ੍ਰਾਚੀਨ ਖੋਜੀਆਂ ਦੇ ਮੱਤ ਅਨੁਸਾਰ ਬਿਹਾਰ ਪ੍ਰਾਂਤ ਦੇ ਗਯਾ ਜ਼ਿਲੇ ਵਿਚ ਜਿੱਥੇ ਅਜ ਲਖਵਾੜ ਪਿੰਡ ਵਸਿਆ ਹੈ, ਉਹ ਹੀ ਖੱਤਰੀ ਕੁੰਡ ਗ੍ਰਾਮ ਦੀ ਅਸਲ ਥਾਂ।*

---

* ਪਰ ਹੁਣ ਇਹ ਗਲ ਪੂਰੀ ਤਰ੍ਹਾਂ ਸਿੱਧ ਹੋ ਚੁਕੀ ਹੈ ਕਿ ਭਗਵਾਨ ਮਹਾਂਵੀਰ ਜੀ ਦਾ ਜਨਮ ਮੁਜ਼ਫ਼ਰ ਪੁਰ ਜ਼ਿਲ੍ਹਾ ਦੇ 'ਵੈਸ਼ਾਲੀ' ਨਗਰ ਵਿੱਚ ਹੋਇਆ ਸੀ। ਜਿਸ ਨੂੰ ਅੱਜ ਕੱਲ੍ਹ 'ਵੈਸਾੜ' ਆਖਦੇ ਹਨ। ਉਥੇ ਇਕ ਬੜਾ ਮੈਦਾਨ ਪਿਆ ਹੈ। ਜਿਸਨੂੰ ਲੋਕ ਭਗਵਾਨ ਮਹਾਂਵੀਰ ਦਾ ਜਨਮ-ਅਸਥਾਨ ਮੰਨਦੇ ਹਨ। ਉਨ੍ਹਾਂ ਉਥੇ ਕਦੇ ਹੱਲ ਨਹੀਂ ਚਲਾਇਆ। ਉਥੋਂ ਕਾਫੀ ਮੋਹਰਾਂ ਤੇ ਕੁਝ ਮੂਰਤੀਆਂ ਪ੍ਰਾਪਤ ਹੋਈਆਂ ਹਨ। ਇਕ ਮੋਹਰ ਵਿਚ

[ਬਾਕੀ ਪੰਨਾ 6 ਤੇ ਦੇਖੋ[

ਕੁੰਡ, ਗਿਆਤ ਬੰਸ ਦੇ ਖੱਤਰੀਆਂ ਦਾ ਪ੍ਰਧਾਨ ਕੇਂਦਰ ਸੀ। ਇਕ ਪ੍ਰਕਾਰ ਨਾਲ ਇਹ ਗਿਆਤ ਖੱਤਰੀਆਂ ਦੀ ਇਕ ਛੋਟੀ ਰਾਜਧਾਨੀ ਮੰਨੀ ਜਾਂਦੀ ਸੀ। ਉਥੇ ਗਿਆਤ ਖੱਤਰੀਆਂ ਦੇ ਪ੍ਰਧਾਨ ਸ੍ਰੀ ਸਿੱਧਾਰਥ ਖੱਤਰੀ ਰਾਜ ਕਰਦੇ ਸਨ, ਇਨ੍ਹਾਂ ਦੀ ਰਾਣੀ ਪ੍ਰਿਅਕਾਰਨੀ ਤ੍ਰਿਸ਼ਲਾ ਬੱਜੀ, ਪ੍ਰਜਾਤੰਤਰ ਦੇ ਮੁਖੀਏ ਵੈਸ਼ਾਲੀ ਦੇ ਰਾਜੇ ਚੇਟਕ ਦੀ ਭੈਣ ਸੀ।

ਚੇਤਰ ਦਾ ਪਵਿੱਤਰ ਮਹੀਨਾ ਸੀ। ਸਰਵਸਿੱਧਾ ਤਿਰੋਦਸ਼ੀ ਦਾ ਦਿਨ ਸੀ, ਭਗਵਾਨ ਮਹਾਂਵੀਰ ਜੀ ਦਾ ਸਿੱਧਾਰਥ ਰਾਜਾ ਦੇ ਘਰ ਤ੍ਰਿਸ਼ਲਾ ਜੀ ਦੀ ਕੁੱਖੋਂ ਭਾਰਤ-ਭੂਮੀ ਤੇ ਅਵਤਾਰ ਹੋਇਆ।

ਇਹ ਸੁਲੱਖਣੀ ਦਿਨ ਜੈਨ ਇਤਿਹਾਸ ਵਿਚ ਬੜਾ ਗੌਰਵ-ਸ਼ਾਲੀ ਦਿਨ ਮੰਨਿਆ ਜਾਂਦਾ ਹੈ। ਜੈਨ ਇਤਿਹਾਸ ਹੀ ਨਹੀਂ, ਸਗੋਂ ਭਾਰਤ ਦੇ ਇਤਿਹਾਸ ਵਿਚ ਵੀ ਇਹ ਦਿਨ ਸੁਨਹਿਰੀ ਅੱਖਰਾਂ ਵਿਚ ਲਿਖਿਆ ਗਿਆ ਹੈ। ਡੁਬਦੀ ਹੋਈ ਭਾਰਤ ਦੀ ਬੇੜੀ ਦੇ ਮੱਲਾਹ ਨੇ ਅੱਜ ਦੇ ਦਿਨ ਹੀ ਸਾਡੇ ਬਜ਼ੁਰਗਾਂ ਨੂੰ ਸਭ ਤੋਂ ਪਹਿਲਾਂ ਬਾਲਕ ਰੂਪ ਵਿਚ ਦਰਸ਼ਨ ਦਿੱਤੇ ਸਨ।

---

ਇਸ ਤਰ੍ਹਾਂ ਸਪੱਸ਼ਟ ਕੀਤਾ ਗਿਆ ਹੈ:—

वैशालीनाम कुण्डे कुमारमात्याधिकरण: (स्य)

*A. S. I. R for* 1913-14 *Plate XIVII (with an account P* 134 *Seat No.* 200)·

ਇਥੇ ਕੁੰਡ ਸ਼ਬਦ ਸਪੱਸ਼ਟ ਕੁੰਡ ਗ੍ਰਾਮ ਜਾਂ ਖੱਤਰੀ ਕੁੰਡ ਹੈ। ਇਥੇ ਭਾਰਤ ਸਰਕਾਰ ਵਲੋਂ ਇਕ ਸ਼ਿਲਾਲੇਖ ਤੇ ਜੈਨ ਪ੍ਰਾਕ੍ਰਿਤ ਵਿਦਿਆ ਪੀਠ ਹੈ। [ਅਨੁਵਾਦਕ]

ਬਾਲਕ ਮਹਾਂਵੀਰ ਦਾ ਨਾਂ ਮਾਤਾ-ਪਿਤਾ ਦੁਆਰਾ ਵਰਧਮਾਨ ਰਖਿਆ ਗਿਆ ਸੀ । ਪਰ ਅੱਗੇ ਚੱਲ ਕੇ ਜਦੋਂ ਉਹ ਬੜੇ ਹੌਂਸਲੇ ਵਾਲੇ, ਪੱਕੇ ਨਿਸ਼ਚੇ ਵਾਲੇ ਤੇ ਕਸ਼ਟਾਂ ਤੇ ਜਿੱਤ ਪਾਉਣ ਵਾਲੇ ਮਹਾਂਪੁਰਸ਼ ਦੇ ਰੂਪ ਵਿਚ ਸੰਸਾਰ ਦੇ ਸਾਮ੍ਹਣੇ ਆਏ। ਤਦੋਂ ਤੋਂ ਆਪ ਮਹਾਂਵੀਰ ਦੇ ਨਾਉਂ ਨਾਲ ਸੰਸਾਰ 'ਚ ਪ੍ਰਸਿੱਧ ਹੋਏ।

## ❀ ਪਾਰਿਵਾਰਿਕ ਜੀਵਨ

ਬਾਲਕ ਮਹਾਂਵੀਰ ਬਚਪਨ ਤੋਂ ਹੀ ਹੋਣਹਾਰ ਸਨ। ਆਪ ਵਿਚ ਬੇਮਿਸਾਲ ਹੌਂਸਲਾ ਸੀ। ਇਸ ਸੰਬੰਧ ਵਿਚ ਆਪਦੇ ਬਚਪਨ ਬਾਰੇ ਕਈ ਕਹਾਣੀਆਂ ਜੈਨ ਸਾਹਿੱਤ ਵਿਚ ਮਿਲਦੀਆਂ ਹਨ।

ਮਹਾਂਪੁਰਸ਼ ਪਿਛਲੇ ਜਨਮ ਤੋਂ ਹੀ ਪਵਿੱਤਰ ਸੰਸਕਾਰ ਲੈਕੇ ਆਉਂਦੇ ਹਨ। ਉਨ੍ਹਾਂ ਦਾ ਜੀਵਨ ਕਈ ਜਨਮਾਂ ਤੋਂ ਬਣਦਾ-ਬਣਦਾ ਆਖਰੀ ਜਨਮ ਵਿਚ ਜਾ ਕੇ ਪੂਰਾ ਹੁੰਦਾ ਹੈ। ਸੋ ਮਹਾਂਵੀਰ ਸ਼ੁਰੂ ਤੋਂ ਹੀ ਦਿਆਲੂ, ਨੀਤੀਵਾਨ ਅਤੇ ਗਿਆਨਵਾਨ ਸਨ। ਜਦ ਕਿਤੇ ਇਕਾਂਤ ਵੇਖਦੇ ਸੋਚ ਵਿਚਾਰ ਵਿਚ ਲੱਗ ਜਾਂਦੇ ਤੇ ਘੱਟੀ ਬੁੱਧੀ ਦੇ ਅਧਿਆਤਮਕ ਵਿਚਾਰ-ਸਾਗਰ ਵਿਚ ਡੁਬਕੀਆਂ ਲਗਾਂਦੇ ਰਹਿੰਦੇ।

ਰਾਜਾ ਸਿੱਧਾਰਥ ਮਹਾਂਵੀਰ ਜੀ ਦੀ ਇਸ ਚਿੰਤਨਸ਼ੀਲ ਪ੍ਰਿਬ੍ਰਤੀ (ਆਦਤ) ਤੋਂ ਡਰਦੇ ਸਨ ਕਿ ਕਿਤੇ ਰਾਜ ਕੁਮਾਰ ਵੈਰਾਗ ਦੇ ਰਾਹ ਤੇ ਨਾ ਚਲਾ ਜਾਵੇ। ਇਸ ਲਈ ਉਨ੍ਹਾਂ ਸਮਰਬੀਰ ਰਾਜਾ ਦੀ ਸਪੁੱਤਰੀ ਯਸ਼ੋਦਾ ਨਾਲ ਜੋ ਆਪਣੇ

ਸਮੇਂ ਦੀ ਅਨੁਪਮ ਸੁੰਦਰੀ ਸੀ, ਛੇਤੀ ਹੀ ਮਹਾਂਵੀਰ ਜੀ ਦਾ ਵਿਆਹ ਕਰ ਦਿੱਤਾ ।

ਮਹਾਂਵੀਰ ਜੀ ਵਿਆਹ ਦੇ ਲਈ ਤਿਆਰ ਨਹੀਂ ਸਨ । ਉਹ ਆਪਣੇ ਨਿਸ਼ਚਿਤ ਨਿਸ਼ਾਨੇ ਤੇ ਪਹੁੰਚਣਾ ਚਾਹੁੰਦੇ ਸਨ । ਪਰ ਪਿਤਾ ਦੀ ਜਿੱਦ ਅਤੇ ਮਾਂ ਦੇ ਹੱਠ ਨੇ ਉਨ੍ਹਾਂ ਨੂੰ ਵਿਆਹ ਦੇ ਲਈ ਮਜ਼ਬੂਰ ਕਰ ਦਿੱਤਾ । ਮਹਾਂਵੀਰ ਮਾਤਾ ਪਿਤਾ ਦੇ ਪਕੇ ਭਗਤ ਸਨ, ਇਸ ਲਈ ਉਨ੍ਹਾਂ ਦੇ ਦਿਲ ਨੂੰ ਜ਼ਰਾ ਵੀ ਠੇਸ ਪਹੁੰਚਾਣਾ ਮਹਾਂਵੀਰ ਜੀ ਦਾ ਭਾਵਕ ਦਿਲ ਸਵੀਕਾਰ ਨਾ ਕਰ ਸਕਿਆ ।

ਮਹਾਂਵੀਰ ਵਿਆਹ ਦੇ ਬੰਧਨਾਂ ਵਿਚ ਬੰਨ੍ਹੇ ਗਏ । ਧਰਮ-ਪਤਨੀ ਭੀ ਸੁੰਦਰ ਤੇ ਸੁਸ਼ੀਲ ਸੀ । ਰਾਜ-ਪਾਟ ਚਰਣਾਂ ਵਿਚ ਹਰ ਸਮੇਂ ਨਿਛਾਵਰ ਸੀ । ਸੰਸਾਰਿਕ ਸੁਖ-ਭੋਗਾਂ ਦੀ ਕੋਈ ਕਮੀ ਨਹੀਂ ਸੀ । ਪਰੰਤੂ ਮਹਾਂਵੀਰ ਜੀ ਦਾ ਵੈਰਾਗੀ ਹਿਰਦਾ ਇਨ੍ਹਾਂ ਦੁਨਿਆਵੀ ਉਲਝਣਾਂ ਵਿਚ ਨਹੀਂ ਉਲਝਿਆ । ਉਹ ਰਹਿ-ਰਹਿ ਕੇ ਮੋਹ-ਬੰਧਨਾਂ ਨੂੰ ਤੋੜਨ ਲਈ ਉੱਠ ਖੜੇ ਜਾਂਦੇ ਸਨ ਕਿਉਂ ਜੋ ਉਨ੍ਹਾਂ ਦੇ ਸਾਮ੍ਹਣੇ ਇਕ ਮਹਾਨ ਭਵਿੱਖ ਦਾ ਉੱਜਵਲ ਚਿੱਤਰ ਜੋ ਬਣ ਰਿਹਾ ਸੀ ।

ਇਸਦਾ ਇਹ ਅਰਥ ਨਹੀਂ ਕਿ ਮਹਾਂਵੀਰ ਜੀ ਇਕ ਸਫਲ ਗ੍ਰਿਹਸਥੀ ਨਹੀਂ ਸਨ । ਉਨ੍ਹਾਂ ਨੇ ਗ੍ਰਿਹਸਥ ਆਸ਼ਰਮ ਦੀ ਗੱਡੀ ਨੂੰ ਬੜੀ ਸਫਲਤਾ ਨਾਲ ਚਲਾਇਆ ਸੀ । ਉਸ ਸਮੇਂ ਦੀ ਰਾਜਨੀਤੀ ਤੇ ਵੀ ਆਪਣੇ ਗਿਆਨ ਤੇ ਵਿਅਕਤਿੱਤਵ ਦੀ ਛਾਪ ਖੂਬ ਚੰਗੀ ਤਰ੍ਹਾਂ ਪਾਈ ਸੀ । ਪਰਿਵਾਰ ਨੂੰ ਪੂਰਾ

ਸਨੇਹ ਪ੍ਰਦਾਨ ਕੀਤਾ। ਪਤਨੀ ਖੁਤਨੀ ਦਾ ਆਦਰਸ਼ ਪਰੇਮ ਵੀ ਖਿੱਚ ਦੀ ਚੀਜ਼ ਸੀ। ਸੰਤਾਨ ਦੇ ਰੂਪ ਵਿਚ ਪਰਿਵਾਰ ਨੂੰ ਰਾਜ ਕੁਮਾਰੀ ਪ੍ਰਿਯਾਦਰਸ਼ਨਾ ਦੇ ਨਾਉਂ ਦੀ ਇਕ ਸਪੁੱਤਰੀ ਪ੍ਰਾਪਤ ਹੋਈ ਸੀ। ਪਰ ਇਹ ਸਭ ਕੰਮ ਗ੍ਰਹਿਸਥ ਆਸ਼ਰਮ ਦੇ ਆਦਰਸ਼ ਲਈ ਸੀ। ਸੰਸਾਰਿਕ ਵਸਤਾਂ ਦੀ ਖਿੱਚ ਨਾਂ ਦੀ ਚੀਜ਼ ਮਹਾਂਵੀਰ ਜੀ ਦੇ ਲਈ ਕਦੇ ਮਹੱਤਵਪੂਰਣ ਨਹੀਂ ਸੀ ਰਹੀ।

ਰਾਜਕੁਮਾਰ ਮਹਾਂਵੀਰ ਦੀ ਉਮਰ 28 ਸਾਲ ਦੇ ਕਰੀਬ ਹੋ ਚੁੱਕੀ ਸੀ। ਇਸ ਸਮੇਂ ਮਾਤਾ ਪਿਤਾ ਦਾ ਦਿਹਾਂਤ ਹੋ ਗਿਆ ਸੀ। ਰਾਜ-ਸਿੰਘਾਸਨ ਦੇ ਲਈ ਮਹਾਂਵੀਰ ਜੀ ਦੇ ਸਾਰੇ ਪਰਿਵਾਰ ਅਤੇ ਪਰਜਾ ਦੇ ਵਲੋਂ ਜ਼ੋਰ ਪਾਇਆ ਗਿਆ ਪਰ ਉਨ੍ਹਾਂ ਸਪਸ਼ਟ ਰੂਪ ਵਿਚ ਇਨਕਾਰ ਕਰ ਦਿੱਤਾ। ਅਖੀਰ ਮਹਾਂਵੀਰ ਦੇ ਵੱਡੇ ਭਰਾ ਨੰਦੀ ਵਰਧਨ ਨੂੰ ਰਾਜ ਸਿੰਘਾਸਨ ਤੇ ਬਿਠਾ ਦਿੱਤਾ।

ਭਗਵਾਨ ਮਹਾਂਵੀਰ ਨੇ ਸਾਧੂ ਬਣਨ ਦਾ ਪ੍ਰਸਤਾਵ ਪਰਿਵਾਰ ਅੱਗੇ ਰਖਿਆ। ਪਰ ਨੰਦੀ ਵਰਧਨ ਦੇ ਬੜੇ ਜ਼ੋਰ ਪਾਉਣ ਤੇ ਦੋ ਸਾਲ ਹੋਰ ਗ੍ਰਹਿਸਥ ਆਸ਼ਰਮ ਵਿਚ ਰਹੇ। ਅਤੇ ਇਸ ਪ੍ਰਕਾਰ ਮਹਾਂਵੀਰ ਜੀ ਨੇ ਕੁਲ 30 ਸਾਲ ਦਾ ਗ੍ਰਹਿਸਥ ਜੀਵਨ ਬਿਤਾਇਆ।

## ❋ ਵੈਰਾਗ ਦੀ ਰਾਹ ਤੇ

ਭਗਵਾਨ ਮਹਾਂਵੀਰ ਨੇ ਰਾਜ ਕੁਮਾਰ ਹੁੰਦੇ ਹੋਏ ਪਰਜਾ ਦੀ ਭਲਾਈ ਦੇ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ। ਜਵਾਨੀ

ਦੀ ਉਮਰ ਵਿਚ ਪੈਰ ਧਰਨ ਦੇ ਨਾਲ ਜਿਉਂ ਹੀ ਉਨ੍ਹਾਂ, ਉਸ ਸਮੇਂ ਦੀਆਂ ਸਮਾਜਿਕ ਅਤੇ ਧਾਰਮਿਕ ਹਾਲਤਾਂ ਦਾ ਨੰਗਾ ਨਾਚ ਵੇਖਿਆ, ਆਪਦਾ ਕੋਮਲ ਹਿਰਦਾ ਚੂਰ-ਚੂਰ ਹੋ ਗਿਆ।

ਆਪ ਨੇ ਰਾਜ-ਪ੍ਰਬੰਧ ਦੁਆਰਾ ਸਮਾਜਿਕ ਹਾਲਤ ਨੂੰ ਸੁਧਾਰਣ ਦਾ ਯਤਨ ਕੀਤਾ, ਪਰੰਤੂ ਆਪ ਨੇ ਵੇਖਿਆ ਕਿ ਰਾਜ-ਪ੍ਰਬੰਧ ਜਿਹੋ ਜਿਹਾ ਸ਼ਾਸਨ ਚਾਹੁੰਦਾ ਹੈ ਉਸ ਪ੍ਰਕਾਰ ਦੀ ਹਾਲਤ ਸਥਾਪਿਤ ਕਰਨ ਵਿਚ ਸਫਲ ਨਾ ਹੋ ਸਕੇਗਾ।

ਅਸਲ ਵਿਚ ਵੇਖਿਆ ਜਾਵੇ ਤਾਂ ਰਾਜ-ਸ਼ਾਸਨ ਤੇ ਧਰਮ-ਸ਼ਾਸਨ ਦੋਹਾਂ ਦਾ ਮੁੱਖ ਉੱਦੇਸ਼ ਜਨਤਾ ਨੂੰ ਠੀਕ ਰਾਹ ਤੇ ਪਾਉਣਾ ਹੈ। ਪਰ ਰਾਜ-ਸ਼ਾਸਨ ਦੇ ਮੁੱਖੀ ਖੁਦ ਮੋਹ-ਮਾਇਆ ਵਿਚ ਫਸੇ ਹੋਏ ਲੋਕ ਹੁੰਦੇ ਹਨ। ਇਸ ਲਈ ਉਹ ਸਮਾਜ-ਸੁਧਾਰ ਦੇ ਕੰਮਾਂ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਦੇ। ਭਲਾ ਜੋ ਜਿਸ ਚੀਜ਼ ਨੂੰ ਆਪਣੇ ਮਨ ਤੋਂ ਮਿਟਾ ਨਹੀਂ ਸਕਿਆ ਉਹ ਦੂਸਰੇ ਹਜ਼ਾਰਾਂ ਦਿਲਾਂ ਤੋਂ ਕਿਵੇਂ ਮਿਟਾ ਸਕਦਾ ਹੈ ? ਰਾਜ-ਸ਼ਾਸਨ ਦੀ ਅਧਾਰ-ਸ਼ਿਲਾ ਪ੍ਰੇਮ, ਪਿਆਰ ਅਤੇ ਸਦ-ਭਾਵ ਦੀ ਭੂਮੀ ਤੇ ਨਹੀਂ ਰੱਖੀ ਜਾਂਦੀ। ਸਗੋਂ ਇਹ ਰੱਖੀ ਜਾਂਦੀ ਹੈ, ਹਮੇਸ਼ਾ ਡਰ, ਸ਼ੋਰ ਤੇ ਦਮਨ ਦੀ ਨੀਂਹ ਤੇ। ਇਹੋ ਕਾਰਣ ਹੈ ਕਿ ਰਾਜ ਸ਼ਾਸਨ ਪਰਜਾ ਵਿਚ ਨਿਆਂ ਤੇ ਸ਼ਾਂਤੀ ਦੀ ਰੱਖਿਆ ਕਰਦਾ ਹੋਇਆ ਭੀ ਜ਼ਿਆਦਾ ਸਥਾਈ (ਪੱਕੀ) ਵਿਵਸਥਾ ਕਾਇਮ ਨਹੀਂ ਕਰ ਸਕਦਾ। ਜਦੋਂ ਕਿ ਧਰਮ ਸ਼ਾਸਨ ਆਪਸੀ ਪ੍ਰੇਮ ਤੇ ਸਦਭਾਵ ਤੇ ਕਾਇਮ ਹੁੰਦਾ ਹੈ।

ਸਿੱਟੇ ਵਜੋਂ ਉਹ ਸਨਮਾਰਗ ਦੁਆਰਾ ਮੂਲ ਤੋਂ ਸਮਾਜ ਦਾ ਦਿਲ ਬਦਲਦਾ ਹੈ ਅਤੇ ਸਾਰੇ ਪਾਸੇ ਪਾਪਾਂ ਨੂੰ ਹਟਾ ਕੇ ਪੱਕਾ ਨਿਆਂ, ਨੀਤੀ ਤੇ ਸ਼ਾਂਤੀ ਦੀ ਸਥਾਪਨਾ ਕਰਦਾ ਹੈ।

ਪ੍ਰਭੂ ਮਹਾਂਵੀਰ ਆਖੀਰ ਇਸੇ ਸਿੱਟੇ ਤੇ ਪੁੱਜੇ ਆਪ ਨੇ ਵੇਖਿਆ ਕਿ ਭਾਰਤ ਦਾ ਇਹ ਖ਼ਤਰਨਾਕ ਰੋਗ ਸਾਧਾਰਣ ਰਾਜਨੀਤਿਕ ਹਲਚਲਾਂ ਨਾਲ ਦੂਰ ਹੋਣ ਵਾਲਾ ਨਹੀਂ। ਇਸ ਦੇ ਲਈ ਸਾਰੀ ਜ਼ਿੰਦਗੀ ਦਾ ਤਿਆਗ ਕਰਨਾ ਪਵੇਗਾ। ਪਰਿਵਾਰ ਦਾ ਮੋਹ ਛੱਡਕੇ ਵਿਸ਼੍ਵ-ਪਰਿਵਾਰ ਦੇ ਆਦਰਸ਼ ਨੂੰ ਅਪਨਾਉਣਾ ਪਵੇਗਾ। ਸ਼ਾਹੀ ਪੋਸ਼ਾਕ ਨਾਲ ਸੱਜਕੇ ਸਾਧਾਰਣ ਜਨਤਾ ਵਿਚ ਘੁਲਿਆ ਮਿਲਿਆ ਨਹੀਂ ਜਾ ਸਕਦਾ। ਉਸ ਤਕ ਪਹੁੰਚਣ ਦੇ ਲਈ ਸੀਮਿਤ-ਇੱਛਾਵਾਂ ਤੇ ਆਦਰਸ਼ਾਂ ਨੂੰ ਸਵੀਕਾਰ ਕਰਨਾ ਪਵੇਗਾ। ਅਰਥਾਤ ਸਾਧੂ-ਪੁਣੇ ਵਾਲਾ ਜੀਵਨ ਸਵੀਕਾਰ ਕਰਨਾ ਪਵੇਗਾ।

ਭਾਰਤ ਦੇ ਇਤਿਹਾਸ ਵਿਚ ਮੱਘਰ ਮਹੀਨੇ ਦੇ ਹਨੇਰੇ ਪੱਖ ਦੀ ੧੦ਵੀਂ ਦਾ ਦਿਨ ਹਮੇਸ਼ਾ ਯਾਦ ਰਹੇਗਾ ਇਸ ਦਿਨ ਰਾਜ ਕੁਮਾਰ ਮਹਾਂਵੀਰ ਸੰਸਾਰ-ਕਲਿਆਣ ਦੇ ਲਈ, ਪੀੜਿਤ ਸੰਸਾਰ ਨੂੰ ਸੁੱਖ-ਸ਼ਾਂਤੀ ਦਾ ਅਮਰ-ਸੰਦੇਸ਼ ਸੁਨਾਉਣ ਲਈ, ਆਪਣੇ ਅੰਦਰ ਸੋਏ ਰਬੀ-ਪੁਣੇ ਨੂੰ ਜਗਾਉਣ ਦੇ ਲਈ ਰਾਜ-ਪਾਟ ਨੂੰ ਠੁਕਰਾ ਕੇ ਭੋਗ-ਵਿਲਾਸ ਨੂੰ ਤਿਆਗ ਕੇ, ਆਪਣੀ ਕਰੋੜਾਂ ਦੀ ਸੰਪਤੀ ਗ਼ਰੀਬਾਂ ਨੂੰ ਲੁਟਾ ਕੇ ਸਾਧੂ ਬਣ ਗਏ।

# ਸਾਧੂ ਜੀਵਨ

卐

## ❀ਸਾਧਨਾ ਦੇ ਰਾਹ ਤੇ

ਇਤਿਹਾਸ ਦੇ ਪੰਨਿਆਂ ਤੇ ਅਸੀਂ ਹਜ਼ਾਰਾਂ ਦੀ ਸੰਖਿਆ ਵਿਚ ਨੇਤਾਵਾਂ ਨੂੰ ਅਸਫਲ ਹੁੰਦਾ ਵੇਖਦੇ ਹਾਂ। ਇਸਦਾ ਕਾਰਣ ਇਹ ਹੈ ਕਿ ਉਹ ਸਭ ਤੋਂ ਪਹਿਲਾਂ ਆਪਣੇ ਜੀਵਨ ਦਾ ਸੁਧਾਰ ਨਹੀਂ ਕਰ ਸਕੇ। ਦਿਲ ਵਿਚ ਥੋੜ੍ਹਾ ਜਿਹਾ ਜੋਸ਼ ਪੈਦਾ ਹੁੰਦੇ ਹੀ ਸੰਸਾਰ ਦਾ ਸੁਧਾਰ ਕਰਨ ਲਈ ਮੈਦਾਨ ਵਿਚ ਕੁੱਦ ਪਏ, ਪਰ ਜਿਉਂ ਹੀ ਕਸ਼ਟਾਂ, ਦੁੱਖਾਂ, ਰੁਕਾਵਟਾਂ ਦਾ ਭਿਅੰਕਰ ਤੂਫਾਨ ਸਾਮ੍ਹਣੇ ਆਇਆ, ਨਿਰਾਸ਼ ਹੋਕੇ ਵਾਪਿਸ ਆ ਗਏ। ਜਿਸ ਸਿੱਧਾਂਤ ਦੇ ਪ੍ਰਚਾਰ ਲਈ ਉਹ ਸ਼ੋਰ ਮਚਾਉਂਦੇ ਸਨ, ਜਦ ਲੋਕ ਉਸ ਵਿਚ ਉਹ ਸਚਾਈ ਨਾ ਪਾ ਸਕੇ ਤਾਂ ਉਨ੍ਹਾਂ ਦਾ ਅਪਮਾਨ ਕੀਤਾ ਗਿਆ ਤੇ ਉਹ ਖਿਸਕ ਗਏ।

ਪਰ ਭਗਵਾਨ ਮਹਾਂਵੀਰ ਨੇ ਦੀਖਿਆ ਲੈਂਦੇ ਹੀ ਧਰਮ ਪ੍ਰਚਾਰ ਲਈ ਛੇਤੀ ਨਹੀਂ ਕੀਤੀ। ਪਹਿਲਾਂ ਉਨ੍ਹਾਂ ਆਪਣੇ ਆਪ ਨੂੰ ਸਾਧ ਲੈਣਾ ਠੀਕ ਸਮਝਿਆ। ਫਲ-ਸਰੂਪ ਦਿਲ ਵਿਚ ਇਹ ਦ੍ਰਿੜ੍ਹ ਪ੍ਰਤਿੱਗਿਆ ਗ੍ਰਹਿਣ ਕਰ ਲਈ ਕਿ ਜਦ ਤਕ ਪੂਰਾ 'ਕੇਵਲ' (ਬੋਧ-ਗਿਆਨ ਜਾਂ ਬ੍ਰਹਮ-ਗਿਆਨ) ਪ੍ਰਾਪਤ ਨਾ ਹੋਵੇਗਾ ਤਦ ਤਕ ਸਾਮੂਹਿਕ ਮਿਲਾਪ ਤੋਂ ਅਲਗ ਰਹਾਂਗਾ। ਇਕਾਂਤ ਵਿਚ ਵੀਤਰਾਗ ਭਾਵ (ਰਾਗ-ਦਵੇਸ਼ ਆਦਿ ਵਿਕਾਰਾਂ ਤੇ ਜਿੱਤ ਪਾਉਣ ਦੀ ਭਾਵਨਾ) ਦੀ ਹੀ ਸਾਧਨਾ ਕਰਾਂਗਾ।

ਮਹਾਂਵੀਰ ਜੀ ਦਾ ਸਾਧਨਾ-ਕਾਲ (ਤਪ-ਯੁੱਗ) ਬੜਾ ਅਨੋਖਾ ਮੰਨਿਆ ਜਾਂਦਾ ਹੈ ਇਹ ਉਹ ਕਾਲ ਹੈ ਜਿਸ ਵਿਚ ਮਹਾਂਵੀਰ ਜੀ ਨੇ ਆਪਣੇ ਸ਼ਰੀਰ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਲਗਾਤਾਰ ਕਠਿਨ ਆਤਮ-ਸਾਧਨਾ ਵਿਚ ਲੱਗੇ ਰਹੇ। ਕੀ ਗਰਮੀ, ਕੀ ਸਰਦੀ ਅਤੇ ਕੀ ਵਾਰਿਸ਼ ਜ਼ਿਆਦਾ ਸਮਾਂ ਭਿਆਨਕ ਜੰਗਲਾਂ ਵਿਚ ਹੀ ਧਿਆਨ ਲਗਾਇਆ ਕਰਦੇ ਸਨ। ਸ਼ਹਿਰ ਵਿਚ ਭੋਜਨ ਮੰਗਣ ਲਈ ਕਦੇ ਕਦੇ ਹੀ ਆਇਆ ਕਰਦੇ ਸਨ।

ਮਹਾਂਵੀਰ ਜੀ ਦੀ ਇਹ ਸਾਧਨਾ 12½ ਸਾਲ ਤਕ ਚਲਦੀ ਰਹੀ। ਇਸ ਵਿਚ ਆਪ ਨੂੰ ਭਿਅੰਕਰ ਕਸ਼ਟਾਂ ਦਾ ਸਾਮ੍ਹਣਾ ਕਰਨਾ ਪਿਆ। ਆਪਨੂੰ ਅਕਸਰ ਹਰ ਜਗ੍ਹਾ ਅਪਮਾਨਿਤ ਹੋਣਾ ਪੈਂਦਾ ਸੀ। ਪੇਂਡੂ ਲੋਕ ਬੜੀ ਬੇ-ਰਹਿਮੀ ਨਾਲ ਪੇਸ਼ ਆਉਂਦੇ। ਕਦੇ ਕਦੇ ਤਾਂ ਉਨ੍ਹਾਂ ਨੂੰ ਖਤਮ ਕਰਨ ਦੀਆਂ ਘਟਨਾਵਾਂ ਵੀ ਵੇਖਣ 'ਚ ਆਉਂਦੀਆਂ ਸਨ। ਮਾਰਨਾ, ਝਿੜਕਣਾ ਤੇ ਹੋਰ ਕਸ਼ਟ ਪਹੁੰਚਾਣਾ ਤਾਂ ਹਰ ਰੋਜ਼ ਦੀ ਗੱਲ ਸੀ। ਲਾਢ ਦੇਸ਼ ਵਿਚ ਤਾਂ ਆਪਨੂੰ ਸ਼ਿਕਾਰੀ ਕੁੱਤਿਆਂ ਤੋਂ ਨੁਚਵਾਇਆ ਗਿਆ, ਪਰ ਅ ਪ ਹਮੇਸ਼ਾ ਸ਼ਾਂਤੀ ਤੋਂ ਕੰਮ ਲੈਂਦੇ ਰਹੇ। ਆਪਦੇ ਦਿਲ ਵਿਚ ਵਿਰੋਧੀ ਦੇ ਪ੍ਰਤੀ ਵੀ ਦਿਆਲਤਾ ਦਾ ਝਰਨਾ ਵਹਿੰਦਾ ਸੀ। ਦੁਵੇਸ਼ ਤੇ ਗੁੱਸਾ ਕੀ ਚੀਜ਼ ਹੁੰਦੇ ਹਨ? ਆਪਦਾ ਦਿਲ ਇਸ ਬਾਰੇ ਜਾਣਦਾ ਹੀ ਨਹੀਂ ਸੀ। ਭਗਵਾਨ ਦੀ ਉਡੀਕ ਇਕ ਪ੍ਰਕਾਰ ਨਾਲ ਆਪਣੀ ਹੱਦ ਤੇ ਪਹੁੰਚ ਚੁਕੀ ਸੀ। (स्वः वीर्येणेव गच्छन्ति, जिनेन्द्राः परमं पदम्) ਆਪਣੇ ਬਲ ਨਾਲ ਤੀਰਥੰਕਰ ਪਰਮ-ਪਦ ਦੀ ਪ੍ਰਾਪਤੀ

ਕਰਦੇ ਹਨ ।

ਭਗਵਾਨ ਮਹਾਂਵੀਰ ਜੀ ਦੀ ਆਤਮ-ਨਿਰਭਰਤਾ ਇਕ ਆਦਰਸ਼ ਸੀ । ਸਾਧਨਾ-ਕਾਲ ਵਿਚ ਆਪ ਤੇ, ਨਾ ਮਾਲੂਮ ਕਿੰਨੇ ਕਸ਼ਟਾਂ ਦੇ ਪਹਾੜ ਟੁੱਟੇ ਪਰ ਆਪ ਨੇ ਸਹਾਇਤਾ ਦੇ ਲਈ ਕਦੇ ਵੀ ਕਿਸੇ ਦੇ ਵਲ ਮੂੰਹ ਨਹੀਂ ਕੀਤਾ ।

ਆਪ ਸਹਾਇਤਾ ਮੰਗਣਾ ਤਾਂ ਦੂਰ ਆਪਣੇ ਸੁਭਾ ਦੀ ਦ੍ਰਿਸ਼ਟੀ ਤੋਂ ਸੇਵਾਦਾਰਾਂ ਨੂੰ ਵੀ ਸੇਵਾ ਦੇ ਲਈ ਨਹੀਂ ਰਖਿਆ । ਜੈਨ-ਸਹਿੱਤ ਇਸ ਸੰਬੰਧ ਵਿਚ ਇਕ ਬੜੀ ਵੱਡੀ ਘਟਨਾ ਦਾ ਵਰਨਣ ਕਰਦਾ ਹੈ ।

ਇਕ ਵਾਰ ਦੀ ਗੱਲ ਹੈ ਦੇਵਤਿਆਂ ਦਾ ਸਿਰਤਾਜ ਇੰਦਰ, ਪ੍ਰਭੂ ਦੀ ਸੇਵਾ ਵਿਚ ਹਾਜ਼ਰ ਹੋਇਆ । ਭਗਵਾਨ ਧਿਆਨ ਵਿਚ ਸਨ । ਬੜੀ ਨਿਮਰਤਾ ਦੇ ਨਾਲ ਇੰਦਰ ਨੇ ਪ੍ਰਾਰਥਨਾ ਕੀਤੀ—

"ਭਗਵਾਨ ! ਆਪਨੂੰ ਅਬੋਧ (ਅਗਿਆਨੀ ਜਨਤਾ) ਬੜੀ ਪੀੜਾ ਪਹੁੰਚਾਂਦੀ ਹੈ, ਉਹ ਨਹੀਂ ਜਾਣਦੀ ਕਿ ਤੁਸੀਂ ਕੌਣ ਹੋ ? ਉਹ ਨਹੀਂ ਜਾਣਦੀ ਕਿ ਤੁਸੀਂ ਸਾਡੇ ਕਲਿਆਣ ਲਈ ਸਭ ਕੁਝ ਕਰ ਰਹੇ ਹੋ ? ਇਸ ਲਈ ਭਗਵਾਨ ਅਜ ਤੋਂ ਇਹ ਸੇਵਕ ਆਪ ਸ੍ਰੀ ਜੀ ਦੇ ਚਰਣ-ਕਮਲਾਂ ਵਿਚ ਰਹੇਗਾ । ਆਪਨੂੰ ਕੋਈ ਕਿਸੇ ਪ੍ਰਕਾਰ ਦਾ ਕਸ਼ਟ ਨਾ ਦੇਵੇ, ਇਸਦਾ ਲਗਾਤਾਰ ਖਿਆਲ ਰਖੇਗਾ ।"

ਦੇਵਤਿਆਂ ਦੇ ਸਿਰਤਾਜ ਇਹ ਕੀ ਆਖ ਰਹੇ ਹੋ ? ਭਗਤੀ ਦੇ ਜੋਸ਼ ਵਿਚ ਸਚਾਈ ਨੂੰ ਨਹੀਂ ਭੁਲਾਇਆ ਜਾ